# ਅਪਰੇਸ਼ਨ ਚਿੱਟਾ ਚੰਨ

(ਸਟੇਜ ਦੀ ਸੈਟਿੰਗ ਇਸ ਤਰ੍ਹਾਂ ਹੈ ਕਿ ਵੱਡਾ ਬੌਸ ਇਕ ਟੈਲੀਫੂਨ ਲੈਕੇ ਇਕ ਉੱਚੇ ਥੜੇ ’ਤੇ ਕੁਰਸੀ ’ਤੇ ਬੈਠਾ ਹੈ। ਉਹਦੇ ਕਾਲੀਆਂ ਐਨਕਾਂ ਲਗੀਆਂ ਹੋਈਆਂ ਹਨ। ਸਟੇਜ ਦੇ ਥੱਲੇ ਇਕ ਹੋਰ ਮੇਜ਼ ’ਤੇ ਵੀ ਟੈਲੀਫੂਨ ਪਿਆ ਹੈ। ਇਕ ਔਰਤ ਕੁਰਸੀ ’ਤੇ ਸਿੱਧੀ ਬਿਠਾਈ ਹੋਈ ਹੈ। ਜਾਂਚ ਅਫਸਰ ਅਤੇ ਅਸਿਸਟੈਂਟ ਭਾਰੇ ਕਦਮਾਂ ਨਾਲ ਏਧਰ ਉਧਰ ਟਹਿਲ ਰਹੇ ਹਨ। ਟੈਲੀਫੂਨ ਦੀ ਘੰਟੀ ਵੱਜਦੀ ਹੈ। ਵੱਡਾ ਬੌਸ ਜਾਂਚ ਅਫਸਰ ਨਾਲ ਗੱਲ ਕਰ ਰਿਹ ਹੈ।

ਵੱਡਾ ਬੌਸ : (ਟੈਲੀਫ਼ੋਨ ’ਤੇ) ਮਿਸਟਰ ਸ਼ੁਕਲਾ, ਇਕ ਗੱਲ ਸਮਝ ਲਵੋ, ਸਾਡਾ ਵੱਡਾ ਨਿਸ਼ਾਨਾ ਸ੍ਰੀਮਤੀ ਕੁਸਮ ਤੋਂ, ਇਕ ਮਤਲਬ ਕਿ ਇਕਬਾਲੀਆ ਬਿਆਨ ਲੈਣਾ ਹੈ ਕਿ ਉਹਦੀ ਰਾਜਾ ਏ ਸਿੰਘ ਨਾਲ ਆਸ਼ਨਾਈ ਸੀ ਅਤੇ ਉਹਦੇ ਪਤੀ ਦੇ ਕਤਲ ਦਾ ਕਾਰਨ ਵੀ ਇਹ ਹੈ।

ਛੋਟਾ ਬੌਸ : (ਟੈਲੀਫੂਨ ’ਤੇ ਹੀ) ਜੀ ਜਨਾਬ ਮੈਨੂੰ ਇਸ ਨਿਸ਼ਾਨੇ ਦਾ ਪਤਾ ਹੈ।

ਵੱਡਾ ਬੌਸ : ਤੇ ਸ੍ਰੀਮਤੀ ਕੁਸਮ ਨੂੰ ਕਿਸੇ ਤਰ੍ਹਾਂ ਇਹ ਯਕੀਨ ਦਿਵਾ ਦਿਓ ਕਿ ਅਸੀਂ ਉਹਦਾ ਕੋਈ ਨੁਕਸਾਨ ਨਹੀਂ ਕਰਨਾ ਚਾਹੁੰਦੇ। ਅਸੀਂ ਸਿਰਫ ਉਸ ਰਾਜਾ ਏ ਸਿੰਘ ਨੂੰ ਸਬਕ ਸਿਖਾਉਣਾ ਚਾਹੁੰਦੇ ਹਾਂ। ਅਸੀਂ ਸਿਰਫ ਉਸ ਰਾਜਾ ਏ. ਸਿੰਘ ਨੂੰ ਸਬਕ ਸਿਖਾਉਣਾ ਚਾਹੁੰਦੇ ਹਾਂ। ਸਾਡਾ ਹੀ ਪਾਲਿਆ ਹੋਇਆ ਸਾਨੂੰ ਹੀ ਅੱਖਾਂ ਵਿਖਾਉਂਦਾ ਹੈ। ਬਿਆਨਬਾਜ਼ੀ ਕਰ ਰਿਹਾ ਹੈ ਅਗਰ ਉਹ ਸਾਡੀ ਇਸ ਹਲਕੇ ਵਿਚ ਮਦਦ ਨਾ ਕਰਦਾ ਤਾਂ ਅਸੀਂ ਸਿਫਰ ਦੇ ਬਰਾਬਰ ਹੋ ਜਾਣਾ ਸੀ। ਅਸੀਂ ਉਸ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਿਫਰ ਅਸੀਂ ਨਹੀਂ, ਸਿਫਰ ਉਹ ਹੈ। ਅਸੀਂ ਉਹਦੀ ਪੁਲੀਟੀਕਲ ਮੌਤ ਵੇਖਣਾ ਚਾਹੁੰਦੇ ਹਾਂ ਤੇ ਇਸ ਔਰਤ ਦਾ ਬਿਆਨ ਇਹਦੇ ਲਈ ਜ਼ਰੂਰੀ ਹੈ।

ਛੋਟਾ ਬੌਸ : ਇਸ ਤਰ੍ਹਾਂ ਹੀ ਹੋਵੇਗਾ ਜਨਾਬ।

*(ਦੋਨੋਂ ਟੈਲੀਫੂਨ ਰਖ ਦੇਂਦੇ ਹਨ। ਛੋਟਾ ਬੌਸ ਅਤੇ ਅਸਿਸਟੈਂਟ ਹੁਣ ਔਰਤ ਦੇ ਦੁਆਲੇ ਬੜੇ ਭੇਦ ਭਰੇ ਲਹਿਜੇ ਨਾਲ ਘੁੰਮਦੇ ਹਨ।)*

ਛੋਟਾ ਬੌਸ : ਤਾਂ ਇਹ ਰਾਜਾ ਏ. ਸਿੰਘ, ਤੇਰੇ ਘਰ ਵਾਲੇ ਦਾ ਦੋਸਤ ਸੀ?

ਔਰਤ : ਨਹੀਂ ਉਹ ਸਾਡੇ ਘਰ ਦਾ ਦੋਸਤ ਸੀ।

ਛੋਟਾ ਬੌਸ : ਕੀ ਉਹ ਅਕਸਰ ਇਸ ਘਰ ਆਉਂਦਾ ਸੀ ?

ਔਰਤ : ਹਾਂ, ਉਹ ਅਕਸਰ ਇਥੇ ਆਉਂਦਾ ਸੀ।

ਛੋਟਾ ਬੌਸ : ਕੀ ਉਹ ਉਸ ਵੇਲੇ ਘਰ ਆਉਂਦਾ ਸੀ ਜਦੋਂ ਤੇਰਾ ਪਤੀ ਮਤਲਬ ਕਿ ਮਿਸਟਰ ਸੁਹਰਾਬ ਘਰ ਨਹੀਂ ਹੁੰਦੇ ਸਨ ?

ਔਰਤ : ਬਹੁਤੀ ਵਾਰ ਇਸ ਤਰ੍ਹਾਂ ਹੋ ਜਾਂਦਾ ਸੀ ਕਿ ਰਾਜਾ ਏ. ਸਿੰਘ ਇਥੇ ਆਉਂਦੇ ਤੇ ਮੇਰੇ ਪਤੀ ਘਰ ਨਾ ਹੁੰਦੇ ਜਾਂ ਥੋੜ੍ਹੀ ਦੇਰ ਬਾਅਦ ਆਉਂਦੇ।

ਛੋਟਾ ਬੌਸ : ਹਾਂ ਤੇ ਜਦੋਂ ਉਹ ਆਉਂਦੇ ਤੇ ਰਾਜਾ ਏ. ਸਿੰਘ ਚਲੇ ਜਾਂਦੇ।

ਔਰਤ : ਮਤਲਬ ?

ਅਸਿਸਟੰਟ : ਮਤਲਬ ਇਹ ਹੈ ਕਿ ਤੂੰ ਸਵੀਕਾਰ ਕਰਨੀ ਏਂ ਕਿ ਉਹ ਤੇਰੇ ਘਰ ਵਾਲੇ ਦੀ ਗੈਰ ਹਾਜ਼ਰੀ ਵਿਚ ਵੀ ਤੈਨੂੰ ਮਿਲਣ ਆਉਂਦਾ ਸੀ।

ਛੋਟਾ ਬੌਸ : ਤੇ ਅਗਲਾ ਮਤਲਬ ਇਹ ਕਿ ਉਹ ਆਉਂਦਾ ਹੀ ਤੈਨੂੰ ਮਿਲਣ ਸੀ ਤੇ ਇਸ ਗੱਲ ਦਾ ਖਿਆਲ ਰਖਦਾ ਸੀ ਕਿ ਤੇਰਾ ਘਰ ਵਾਲਾ ਉਸ ਵੇਲੇ ਘਰ ਨਾ ਹੋਵੇ। ਗੱਲ ਬਿਲਕੁਲ ਸਾਫ ਹੈ।

ਔਰਤ : ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ, ਇਕ ਔਰਤ ਨਾਲ ਇਸ ਤਰ੍ਹਾਂ ਗੱਲ ਕਰਦੇ।

ਅਸਿਸਟੰਟ : ਅਸੀਂ ਮੈਡਮ ਜਾਂਚ ਕਰਨ ਵਾਲੇ ਹਾਂ ਤੇ ਸਾਡੀ ਜਾਂਚ ਦਾ ਮੁੱਦਾ ਹੈ ਕਿ ਅਸੀਂ ਉਹ ਕਾਰਨ ਲਭੀਏ ਜਿਸ ਕਰਕੇ ਤੇਰੇ ਪਤੀ ਦਾ ਕਤਲ ਹੋਇਆ।

ਛੋਟਾ ਬੌਸ : ਇਸ ਕਰਕੇ ਸਾਡੇ ਲਈ ਬਹੁਤ ਸਵਾਲ ਪੁੱਛਣੇ ਜ਼ਰੂਰੀ ਨੇ।

ਅਸਿਸਟੰਟ : ਤੇ ਉਹ ਸਵਾਲ ਜ਼ਰੂਰੀ ਨਹੀਂ ਕਿ ਸਭਿਅਤਾ ਦੇ ਦਾਇਰੇ ਵਿਚ ਹੋਣ।

ਛੋਟਾ ਬੌਸ : ਹਾਂ ਤੇ ਉਹ ਇਕੱਲੀ ਕਾਰੀ ਜਵਾਨ ਔਰਤ ਨੂੰ ਉਹਦੇ ਪਤੀ ਦੀ ਗੈਰ ਹਾਜ਼ਰੀ ਵਿਚ ਮਿਲਣ ਆਉਂਦਾ ਸੀ, ਇਹਦਾ ਮਤਲਬ ਕੀ ਲੈਣਾ ਚਾਹੀਦੈ ?

ਅਸਿਸਟੰਟ : ਮਤਲਬ ਕੁਝ ਵੀ ਲਿਆ ਜਾ ਸਕਦਾ ਏ।

ਛੋਟਾ : ਅਸੀਂ ਉਹੀ ਮਤਲਬ ਲੈਣਾ ਚਾਹੁੰਦੇ ਹਾਂ ਜਿਹੜਾ ਮਤਲਬ ਹੁੰਦਾ ਏ। (ਬਦਲਕੇ) ਮਤਲਬ ਕਿ ਜਿਸਦਾ ਕਤਲ ਨਾਲ ਸਬੰਧ ਏ।

ਅਸਿਸਟੰਟ : ਇਕ ਬੰਦਾ ਕਤਲ ਹੋ ਗਿਆ ਏ ਤੇ ਉਹਦੀ ਪਤਨੀ ਦਾ ਖਿਆਲ ਹੈ ਕਿ ਬਾਵਕਾਰ ਬੰਦਾ ਜਿਹੜਾ ਸਰਕਾਰ ਦੀ ਸ਼ਕਤੀਸ਼ਾਲੀ ਕੁਰਸੀ 'ਤੇ ਬੈਠਾ ਸੀ, ਉਹਨੂੰ ਉਹਦੇ ਪਤੀ ਦੀ ਗੈਰਹਾਜ਼ਰੀ ਵਿਚ ਮਿਲਣ ਆਉਂਦਾ ਸੀ।

ਛੋਟਾ ਬੌਸ : ਅਸੀਂ ਇਸਦਾ ਮਤਲਬ ਲੈਂਦੇ ਹਾਂ ਕਿ ਉਸ ਨੇਕ ਬੰਦੇ ਦਾ ਕਤਲ ਉਸਦੀ ਪਤਨੀ ਦੀ ਵਜ੍ਹਾ ਕਰਕੇ ਹੋਇਆ ਤੇ ਜਿਹੜਾ ਉਹ

ਬਾਵਕਾਰ ਬੰਦਾ ਕਤਲ ਹੋਣ ਵਾਲੇ ਬੰਦੇ ਦੀ ਪਤਨੀ ਨੂੰ ਪਤੀ ਦੀ ਗੈਰਹਾਜ਼ਰੀ ਵਿਚ ਮਿਲਦਾ ਸੀ, ਉਹ ਕਤਲ ਦਾ ਜ਼ਿੰਮੇਵਾਰ ਹੈ।

ਅਸਿਸਟੰਟ : ਜੇ ਜ਼ਿੰਮੇਵਾਰ ਨਹੀਂ ਤਾਂ ਕਮਅਜ਼ਕਮ ਉਸ ਸਾਜਿਸ਼ ਵਿਚ ਜ਼ਰੂਰ ਸ਼ਾਮਲ ਏ, ਜਿਸ ਕਰਕੇ ਉਸ ਨੇਕ ਬੰਦੇ ਦਾ ਕਤਲ ਹੋਇਆ।

ਔਰਤ : (ਰੋਣਹਾਕੀ ਹੋਕੇ) ਤੁਸੀਂ ਬੜੇ ਜ਼ਾਲਮ ਕਿਸਮ ਦੇ ਲੋਕ ਹੋ। ਤੁਹਾਨੂੰ ਇਕ ਔਰਤ 'ਤੇ ਬਿਲਕੁਲ ਤਰਸ ਨਹੀਂ ਆਉਂਦਾ। ਤੁਸੀਂ ਉਹਨੂੰ ਜਲੀਲ ਕਰਨਾ ਚਾਹੁੰਦੇ ਹੋ ?

ਛੋਟਾ ਬੌਸ : ਮੈਡਮ ਅਸੀਂ ਜਾਂਚ ਬਿਊਰੋ ਦੇ ਬੰਦੇ ਹਾਂ। ਅਸੀਂ ਇਕ ਔਰਤ ਨੂੰ ਜਲੀਲ ਨਹੀਂ ਕਰ ਰਹੇ, ਸਗੋਂ ਉਹਦੇ ਮੂੰਹੋਂ ਸੱਚ ਅਖਵਾਉਣਾ ਚਾਹੁੰਦੇ ਹਾਂ।

ਅਸਿਸਟੰਟ : ਤੇ ਮੈਡਮ, ਅਸੀਂ ਸੱਚ ਅਖਵਾ ਹੀ ਲੈਣਾ ਹੈ।

ਔਰਤ : ਸੱਚ ਇਹ ਹੈ ਕਿ ਮੈਨੂੰ ਇਸ ਕਤਲ ਬਾਰੇ ਕੁਝ ਨਹੀਂ ਪਤਾ।

ਛੋਟਾ ਬੌਸ : ਇਹ ਸੱਚ ਜ਼ਰੂਰ ਏ ਪਰ ਪੂਰਾ ਸੱਚ ਨਹੀਂ ਹੈ।

*(ਟੈਲੀਫੂਨ ਦੀ ਘੰਟੀ ਵਜਦੀ ਹੈ, ਹੈ, ਅਸਿਸਟੰਟ ਚੁੱਕਦਾ ਹੈ।*

ਅਸਿਸਟੰਟ : ਬੌਸ, ਵੱਡੇ ਬੌਸ ਦਾ ਹੈ। ਹਾਟ ਲਾਈਨ ਤੋਂ ਬੋਲ ਰਹੇ ਹਨ।

*(ਛੋਟਾ ਬੌਸ ਟੈਲੀਫੂਨ ਲੈਂਦਾ ਹੈ।)*

ਵੱਡਾ ਬੌਸ : ਹਾਂ ਮੈਂ ਹਾਟ ਲਾਈਨ ਤੋਂ ਬੋਲ ਰਿਹਾ ਹਾਂ। ਕੇਸ ਦੀ ਕੀ ਪ੍ਰਾਗਰੈਸ ਹੈ?

ਛੋਟਾ ਬੌਸ : ਉਹ ਔਰਤ ਕੁਝ ਕੁਝ ਬੋਲ ਰਹੀ ਹੈ, ਪਰ ਪੂਰਾ ਨਹੀਂ ਬੋਲ ਰਹੀ।

ਵੱਡਾ ਬੌਸ : ਉਹ ਔਰਤ ਕੁਝ ਬੋਲੇ ਜਾਂ ਪੂਰਾ ਬੋਲੇ, ਮੇਰੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਉਹ ਹਰਾਮਜ਼ਾਦਾ ਫਸੇ।ਮੇਰੇ ਤੋਂ ਵੱਖ ਹੋਕੇ ਹੋਰ ਸਿਆਸੀ ਪਾਰਟੀ ਬਣਾਉਂਦਾ ਹੈ। ਉਹ ਲੋਕਾਂ ਵਿਚ ਨਸ਼ਰ ਹੋਣਾ ਚਾਹੀਦਾ ਕਿ ਉਹ ਇਕ ਸਿਆਸਤਦਾਨ ਨਹੀਂ, ਸਗੋਂ ਔਰਤਬਾਜ਼ ਹੈ ਜੋ ਆਪਣੀ ਪੁਜੀਸ਼ਨ ਦਾ ਫਾਇਦਾ ਲੈਕੇ ਦੂਜਿਆਂ ਦੇ ਘਰਾਂ ਵਿਚ ਸੰਨਾਂ ਮਾਰਦਾ ਸੀ।

ਛੋਟਾ ਬੌਸ : ਇਸ ਤਰ੍ਹਾਂ ਹੀ ਹੋਵੇਗਾ।

ਵੱਡਾ ਬੌਸ : ਕੀ ਕਤਲ ਦਾ ਕੋਈ ਸੁਰਾਗ ਮਿਲਿਆ ? ਜੇ ਕੋਈ ਮਿਲੇ ਵੀ ਤਾਂ ਉਹ ਜਾਣਕਾਰੀ ਪੂਰੀ ਤਰ੍ਹਾਂ ਦਬਾ ਕੇ ਰੱਖੀ ਜਾਏ, ਅਸਲੀ ਕਾਤਲ ਦਾ ਸੁਰਾਗ ਲਗਾਉਣਾ ਜ਼ਰੂਰ ਨਹੀਂ, ਜਿੰਨਾ ਜ਼ਰੂਰੀ ਉਸ ਰਾਏ ਏ. ਸਿੰਘ ਨੂੰ ਫਸਾਉਣਾ ਜ਼ਰੂਰੀ ਹੈ। ਅਖ਼ਬਾਰਾਂ ਵਿਚ ਗਿਣ ਮਿਥਕੇ ਬਿਆਨ ਲਗਵਾਓ।

ਛੋਟਾ ਬੌਸ : ਪਰ ਜਨਾਬ ਇਸਦਾ ਉਲਟਾ ਅਸਰ ਵੀ ਹੋ ਸਕਦਾ ਹੈ। ਕੁਝ

ਅਖ਼ਬਾਰਾਂ ਇਹ ਵੀ ਲਿਖ ਸਕਦੀਆਂ ਹਨ ਕਿ ਅਸੀਂ ਸਿਆਸੀ ਬਦਲਾ ਲੈਣ ਦੀ ਖਾਤਿਰ ਇਕ ਔਰਤ ਨੂੰ ਜਲੀਲ ਕਰ ਰਹੇ ਹਾਂ। ਕੁਝ ਔਰਤਾਂ ਦੀਆਂ ਸੰਸਥਾ ਨੇ ਇਹ ਗੱਲ ਚੁੱਕ ਵੀ ਲਈ ਹੈ।

ਵੱਡਾ ਬੌਸ : ਉਹਦਾ ਨਾਂ ਨੋਟ ਕਰੋ। ਦੇਖੋ ਕਿਹੜੀ ਅਖ਼ਬਾਰ ਹੈ ? ਉਸ ਅਖ਼ਬਾਰ ਦੇ ਐਡੀਟਰ ਨੂੰ ਮਿਲੋ ਤੇ ਸਮਝਾ ਦੇਵੋ, ਉਸੇ ਤਰੀਕੇ ਨਾਲ ਜਿਹੜਾ ਤੁਹਾਡਾ ਤਰੀਕਾ ਸਮਝਾਉਣ ਦਾ ਹੈ। ਜੇ ਉਸਨੇ ਅਖ਼ਬਾਰ ਚਲਾਉਣੀ ਹੈ ਤਾਂ ਉਸ ਵਿਚ ਉਹੀ ਰਿਪੋਰਟ ਹੋਣੀ ਚਾਹੀਦੀ ਹੈ ਜੋ ਅਸੀਂ ਚਾਹਵਾਂਗੇ। ਕੀ ਉਹ ਰੀਪੋਰਟਰ ਨੌਜਵਾਨ ਏ ਜਾਂ ਬੁੱਢਾ ?

ਛੋਟਾ ਬੌਸ : ਇਕ ਸਕਿੰਟ ਹੋਲਡ ਕਰਨਾ ਜਨਾਬ। (ਅਸਿਸਟੰਟ ਨੂੰ) ਦੇਖ ਬਾਹਰ ਖੜਾ ਰੀਪੋਰਟਰ ਬੁੱਢਾ ਹੈ ਜਾਂ ਜਵਾਨ ?

ਅਸਿਸਟੰਟ : (ਅਸਿਸਟੰਟ ਬਾਰੀ ਵਿਚੋਂ ਵੇਖਕੇ) ਜਨਾਬ ਨੌਜਵਾਨ ਏ...

ਛੋਟਾ ਬੌਸ : (ਫ਼ੂਨ 'ਤੇ) ਜਨਾਬ ਨੌਜਵਾਨ ਏ।

ਵੱਡਾ ਬੌਸ : ਫਿਰ ਤਾਂ ਗੱਲ ਹੀ ਸਿੱਧੀ ਏ। ਤੁਸੀਂ ਹਨੇਰਾ ਪੈਣ ਤੱਕ ਉਸ ਔਰਤ ਦੀ ਪੁੱਛਗਿਛ ਕਰਦੇ ਰਹੋ। ਉਹ ਸਾਲਾ ਰੀਪੋਰਟਰ ਬਾਹਰ ਉਡੀਕਦਾ ਰਵੇ। ਹਨੇਰਾ ਪੈਣ 'ਤੇ ਤੁਸੀਂ ਬਾਹਰ ਆਵੋ, ਉਹ ਅੰਦਰ ਜਾਏਗਾ। ਥੋੜੀ ਦੇਰ ਬਾਅਦ ਤੁਸੀਂ ਵੀ ਅੰਦਰ ਜਾਓਗੇ ਤੇ ਉਹਨਾਂ ਦੀ ਗੱਲਬਾਤ ਕਰਦੇ ਦੀ ਫੋਟੋ ਖਿਚੋ।

ਛੋਟਾ ਬੌਸ : ਜਨਾਬ ਕੈਮਰਾ 'ਤੇ ਇਸ ਵੇਲੇ ਹੈ ਨਹੀਂ। ਮੰਗਵਾ ਲੈਂਦਾ ਹਾਂ।

ਵੱਡਾ ਬੌਸ : ਮੰਗਵਾਉਣ ਦੀ ਕੀ ਲੋੜ ਏ ? ਉਸ ਰੀਪੋਰਟ ਦਾ ਕੈਮਰਾ ਖੋਹ ਲਵੋ ਤੇ ਧਮਕੀ ਦੇਵੋ ਕਿ ਸਾਲਾ ਕੱਲੀ ਕਾਰੀ ਔਰਤਾਂ ਨਾਲ ਹਨੇਰੇ ਵਿਚ ਆਸ਼ਨਾਈ ਕਰਦਾ ਹੈ। ਆਪਣਾ ਦਿਮਾਗ ਵਰਤੋ ਤੇ ਇਸ ਸਾਰੇ ਅਪ੍ਰੇਸ਼ਨ ਦਾ ਕੋਈ ਨਾਂ ਦੇਵੋ।

ਛੋਟਾ ਬੌਸ : ਨਹੀਂ ਇਹ Thunder ਨਹੀਂ, ਇਸ ਵਿਚ ਕੋਈ ਗਰਜ ਨਹੀਂ। ਇਸਦਾ ਨਾਂ Operation White Moon ਯਨੀ ਚੰਨ ਦੀ ਚਿੱਟੀ ਚਾਨਣੀ ਰੁਮਾਂਸ ਅਤੇ ਬੇਵਫਾਈ ਦੀ ਕਹਾਣੀ। ਅਪ੍ਰੇਸ਼ਨ ਚਿੱਟ ਚੰਨ ਸਾਡੀ ਜਾਂਚ ਦੇ ਇਤਿਹਾਸ ਵਿਚ ਇਕ ਪ੍ਰਾਪਤੀ ਹੋਵੇਗੀ ਜਿਸਦੇ ਜ਼ਰੀਏ ਇਕ ਸਿਆਸੀ ਦੁਸ਼ਮਣ ਨੂੰ ਅਸਮਾਨ ਤੋਂ ਜ਼ਮੀਨ 'ਤੇ ਸੁੱਟਿਆ ਜਾਂਦਾ ਹੈ ਤੇ ਮਿੱਟੀ ਵਿਚ ਰੋਲਿਆ ਜਾਂਦਾ ਹੈ।

*(ਫੋਨ ਰੱਖਦਾ ਹੈ ਤੇ ਉੱਚੀ ਉੱਚੀ ਹੱਸਦਾ ਹੈ, ਉਹਦੇ ਹੱਸਣ ਦੇ ਦਰਮਿਆਨ ਲਾਈਟ ਫੇਡ ਆਊਟ ਹੁੰਦੀ ਹੈ ਤੇ ਜਦੋਂ ਫੇਰ ਲਾਈਟ ਹੁੰਦੀ ਹੈ, ਔਰਤ ਉਸੀ ਮੁਦਰਾ ਵਿਚ ਬੈਠੀ ਹੋਈ ਹੈ ਤੇ ਰੀਪੋਰਟਰ ਉਹਦੇ ਨਾਲ ਗੱਲਾਂ ਕਰ ਰਿਹਾ ਹੈ।)*

ਰੀਪੋਰਟਰ : ਮੈਡਮ, ਜੇਕਰ ਤੁਸੀਂ ਇਸ ਤਰ੍ਹਾਂ ਹੌਸਲਾ ਹਾਰ ਗਏ ਤਾਂ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਣਗੇ।

ਔਰਤ : ਕੀ ਏ ਉਹਨਾਂ ਦਾ ਮਿਸ਼ਨ ? ਮੈਨੂੰ ਉਹਨਾਂ ਦੇ ਮਿਸ਼ਨ ਨਾਲ ਕੀ ?

ਰੀਪੋਰਟ : ਉਹਨਾਂ ਦਾ ਮਿਸ਼ਨ ਏ ਰਾਜਾ ਏ. ਸਿੰਘ ਨੂੰ ਸਿਆਸੀ ਖੇਤ੍ਰ ਵਿਚੋਂ ਬਦਨਾਮ ਕਰਕੇ ਕੱਢਣਾ। ਮੈਨੂੰ ਰਾਜਾ ਏ. ਸਿੰਘ ਨਾਲ ਕੋਈ ਖਾਸ ਹਮਦਰਦੀ ਨਹੀਂ ਕਿਉਂਕਿ ਕੁਝ ਚਿਰ ਪਹਿਲੇ ਇਹ ਇਹਨਾਂ ਦੇ ਸਾਥੀਆਂ ਵਿਚੋਂ ਸੀ। ਜੋ ਕੋਈ ਹੇਰਾ ਫੇਰੀ ਕਰਦੇ ਸਨ, ਇਕੱਠੇ ਕਰਦੇ ਸਨ, ਇਹਨਾਂ ਦਾ ਖਾਣਾ ਪੀਣਾ ਇਕੱਠਾ ਸੀ, ਸੋਚਣਾ ਇਕੱਠਾ ਸੀ। ਇਕ ਵੱਡਾ ਬੌਸ ਸੀ, ਦੂਜਾ ਛੋਟਾ ਬੌਸ ਸੀ। ਇਲਾਕੇ ਦੇ ਸਾਰੇ ਗੁੰਡੇ ਇਹਨਾਂ ਦੇ ਹੱਥ ਵਿਚ ਸਨ। ਜੋ ਬੌਸ ਦੇ ਇਸ਼ਾਰੇ ’ਤੇ ਕਿਸੇ ਸਾਧਾਰਨ ਸ਼ਹਿਰੀ ਨੂੰ ਤੰਗ ਕਰ ਸਕਦੇ ਹਨ। ਉਹਦੇ ਤੋਂ ਉਗਰਾਹੀ ਕਰ ਸਕਦੇ ਹਨ ਤੇ ਇਥੋਂ ਤੱਕ ਕਿ ਕਤਲ ਵੀ ਕਰ ਸਕਦੇ ਹਨ।

ਔਰਤ : ਤਾਂ ਤੁਹਾਡਾ ਮਤਲਬ ਏ ਕਿ ਮੇਰਾ ਪਤੀ ਵੀ ?

ਰੀਪੋਰਟਰ : ਮੈਂ ਇਹ ਪੱਕੀ ਤਰ੍ਹਾਂ ਨਹੀਂ ਕਹਿ ਸਕਦਾ। ਪਰ ਇਹ ਸਾਫ ਹੈ ਕਿ ਤੁਹਾਡਾ ਪਤੀ ਜ਼ਰੂਰ ਦੋ ਬੌਸਾਂ ਦੀ ਲੜਾਈ ਵਿਚ ਬਲੀ ਚੜ੍ਹਾ ਦਿੱਤਾ ਗਿਆ ਹੈ।

ਔਰਤ : ਪਰ ਮੈਂ ਜਾਂ ਮੇਰੇ ਪਤੀ ਨੇ ਇਹਨਾਂ ਬੌਸਾਂ ਦੀ ਲੜਾਈ ਵਿਚੋਂ ਕੀ ਲੈਣਾ ਦੇਣਾ ਸੀ। ਉਹ ਇਕ ਸਾਧਾਰਨ ਅਫਸਰ ਸੀ ਤੇ ਉਹਨੂੰ ਇਹ ਅਫਸਰੀ ਉਹਦੀ ਖੇਡ ਦੀ ਪ੍ਰਤਿਭਾ ਕਰਕੇ ਮਿਲੀ ਸੀ। ਉਹ ਨੈਸ਼ਨਲ ਚੈਂਪੀਅਨ ਸੀ।

ਰੀਪੋਰਟਰ : ਪਰ ਇਹ ਤਾਂ ਸੱਚ ਹੈ ਸੀ ਕਿ ਰਾਜਾ ਏ. ਸਿੰਘ ਤੁਹਾਡੇ ਘਰ ਆਉਂਦਾ ਜਾਂਦਾ ਸੀ।

ਔਰਤ : ਉਹ ਮੇਰੇ ਪਤੀ ਦੀ ਖੇਡ ਦਾ ਪ੍ਰਸੰਸ਼ਕ ਸੀ।

ਰੀਪੋਰਟਰ : ਪਰ ਅਖ਼ਬਾਰਾਂ ਵਿਚ ਆਇਆ ਹੈ ਉਹ ਤੁਹਾਡਾ ਵੀ ਪ੍ਰਸੰਸ਼ਕ ਸੀ।

ਔਰਤ : ਤੁਸੀਂ ਵੀ ਹੁਣ ਜਾਂਚ ਵਾਲਿਆਂ ਵਾਕੁਣ ਚੋਭਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਨੇ, ਜਦੋਂ ਕਿ ਤੁਸੀਂ ਕਹਿੰਦੇ ਹੋ ਕਿ ਤੁਸੀਂ ਮੇਰੇ ਹਮਦਰਦ ਹੋ।

ਰੀਪੋਰਟਰ : ਨਹੀਂ ਮੈਡਮ, ਮੈਨੂੰ ਇਸ ਤਰ੍ਹਾਂ ਗਲਤ ਨਾ ਸਮਝੋ।

ਔਰਤ : ਹਾਂ ਉਹ ਮੇਰਾ ਪ੍ਰਸੰਸ਼ਕ ਸੀ, ਬਹੁਤੀ ਵਾਰ ਉਹਨੇ ਇਥੇ ਖਾਣਾ ਵੀ ਖਾਧਾ ਸੀ ਤੇ ਮੇਰੀ ਖਾਣਾ ਬਣਾਉਣ ’ਤੇ ਤਾਰੀਫ ਵੀ ਕੀਤੀ ਸੀ।

ਰੀਪੋਰਟਰ : ਉਂਝ ਇਹ ਤੁਸੀਂ ਮੰਨੋਗੇ ਕਿ ਤਾਰੀਫ ਉਹਨੇ ਐਵੇਂ ਨਹੀਂ ਕੀਤੀ।

ਔਰਤ : ਬਹੁਤ ਵਾਰੀ ਉਹ ਫੋਨ ’ਤੇ ਹੀ ਫਰਮਾਇਸ਼ ਕਰ ਦੇਂਦਾ ਸੀ ਕਿ ਉਹ

ਰਾਤ ਆਵੇਗਾ ਤੇ ਖਾਣਾ ਵੀ ਖਾਏਗਾ।

ਰੀਪੋਰਟਰ : ਖਾਣ ਤੋਂ ਪਹਿਲਾਂ Drink ਦੇ ਦੌਰ ਵੀ ਚਲਦੇ ਹੋਣਗੇ ?

ਔਰਤ : ਹਾਂ ਚਲਦੇ ਸਨ। ਬਹੁਤੀ ਵਾਰ ਉਹ ਕਿਸੇ ਵਧੀਆ ਸ਼ਰਾਬ ਦੀ ਬੋਤਲ ਵੀ ਨਾਲ ਲੈ ਆਉਂਦਾ ਸੀ।

ਰੀਪੋਰਟਰ : ਤੇ ਤੁਹਾਨੂੰ ਇਹ ਸਭ ਕੁਝ ਚੰਗਾ ਲਗਦਾ ਸੀ ?

ਔਰਤ : ਕਦੀ ਵੀ ਨਹੀਂ। ਤੇ ਖਾਸ ਕਰਕੇ ਇਕ ਵਾਰੀ ਉਹਨੇ ਜਦੋਂ ਸ਼ਰਾਬੀ ਜਿਹਾ ਹੋਕੇ ਮੇਰੇ ਸਾਵਲੇ ਰੰਗ ਦੀ ਤਾਰੀਫ ਕੀਤੀ ਤਾਂ ਮੈਨੂੰ ਬਿਲਕੁਲ ਚੰਗਾ ਨਾ ਲੱਗਾ। ਮੈਂ ਨਹੀਂ ਚਾਹੁੰਦੀ ਸੀ ਕਿ ਉਹ ਇਥੇ ਆਵੇ ਕਿਉਂਕਿ ਉਹਦੀਆਂ ਹਰਕਤਾਂ ਕਿਸੇ ਵੇਲੇ ਵੀ ਮੇਰੇ ਪਤੀ ਦੇ ਦਿਲ ਵਿਚ ਸ਼ੱਕ ਪਾ ਸਕਦੀਆਂ ਸਨ।

ਰੀਪੋਰਟਰ : ਫੇਰ ਤੁਸੀਂ ਮਨ੍ਹਾਂ ਕਿਉਂ ਨਹੀਂ ਕੀਤਾ ?

ਔਰਤ : ਮਨ੍ਹਾਂ ਕਿਸ ਤਰ੍ਹਾਂ ਕਰਦੇ। ਉਹ ਇਕ ਵੱਡਾ ਬੰਦਾ ਸੀ, ਕੁਰਸੀ 'ਤੇ ਬੈਠਾ ਸੀ। ਸਾਡਾ ਕੋਈ ਵੀ ਨੁਕਸਾਨ ਕਰ ਸਕਦਾ ਸੀ।

ਰੀਪੋਰਟਰ : ਇਹੋ ਤਾ ਦੇਸ਼ ਦੀ ਤਰਾਸਦੀ ਹੈ ਕਿ ਕੁਰਸੀ 'ਤੇ ਬੈਠਣ ਵਾਲੇ ਉਹ ਹਨ ਜਿਨ੍ਹਾਂ ਨੂੰ ਕਦੀ ਵੀ ਕੁਰਸੀ 'ਤੇ ਨਹੀਂ ਬੈਠਣਾ ਚਾਹੀਦਾ। ਨੁਕਸਾਨ ਤੇ ਤੁਹਾਡਾ ਹੋ ਹੀ ਗਿਆ ਹੈ ਤੇ ਬਹੁਤ ਵੱਡਾ ਨੁਕਸਾਨ। ਇਸ ਬਾਰੇ ਤੁਸੀਂ ਕੀ ਸੋਚਦੇ ਹੋ ?

ਔਰਤ : ਮੈਂ ਕੀ ਸੋਚਣਾ ਹੈ ? ਪਹਿਲੇ ਕੁਝ ਦਿਨ ਤਾਂ ਮੈਂ ਇਹੀ ਸੋਚਦੀ ਰਹੀ ਕਿ ਮੇਰਾ ਜੀਣ ਦਾ ਕੀ ਫਾਇਦਾ ਹੈ ? ਫੇਰ ਮੈਨੂੰ ਆਪਣੀ ਬੱਚੀ ਦਾ ਖਿਆਲ ਆਇਆ। ਮੇਰੇ ਬਾਝੋਂ ਉਹਦਾ ਕੌਣ ਖਿਆਲ ਰੱਖੇਗਾ ? ਉਹ ਰੋਂਦੀ ਸੀ। ਬਹੁਤ ਉੱਚੀ ਰੋਂਦੀ ਸੀ। ਆਲੇ ਦੁਆਲੇ ਝਾਂਕਦੀ ਸੀ ਕਿ ਉਹਨੂੰ ਉਹਦੇ ਬਾਪ ਦੀ ਝਲਕ ਮਿਲ ਜਾਏ। ਮੈਂ ਉਹਦੇ ਅਗੇ ਖਿਡੌਣੇ ਲਿਆ ਲਿਆਕੇ ਰਖਦੀ, ਜੋ ਉਹਦਾ ਬਾਪ ਬੜੇ ਸ਼ੌਂਕ ਨਾਲ ਲਿਆਇਆ ਸੀ। ਉਹਦਾ ਬਾਪ ਜਦੋਂ ਵੀ ਦੇਸ਼ ਦੇ ਬਾਹਰ ਖੇਡਣ ਜਾਂਦਾ ਤਾਂ ਉਸ ਦੇਸ਼ ਦੇ ਖਿਡੌਣੇ ਜ਼ਰੂਰ ਲਿਆਂਦਾ। ਪਰ ਬੱਚੀ ਨੂੰ ਹੁਣ ਬਾਪ ਚਾਹੀਦਾ ਸੀ ਨਾ ਕਿ ਖਿਡੌਣੇ ਤੇ ਉਹ ਖਿਡੌਣਿਆਂ ਵੱਲ ਤਕਦੀ ਵੀ ਨਾ। ਮੈਂ ਪ੍ਰੇਸ਼ਾਨ ਹੁੰਦੀ, ਮੈਨੂੰ ਕੁਝ ਨਾ ਸੁੱਝਦਾ, ਮੈਂ ਕੁਝ ਵੀ ਨਾ ਸੋਚ ਸਕਦੀ ਪਰ ਹੁਣ ਮੈਂ ਕੁਝ ਸੋਚਦੀ ਹਾਂ।

ਰੀਪੋਰਟਰ : ਕੀ ਸੋਚਦੇ ਹੋ ?

ਔਰਤ : ਕਿ ਮੇਰੇ ਪਤੀ ਦੀ ਜਾਨ ਕਿਸੇ ਵੱਡੀ ਸਿਆਸੀ ਖੇਡ ਵਿਚ ਲਈ ਗਈ ਹੈ, ਮੇਰਾ ਪਤੀ ਉਸ ਖੇਡ ਦਾ ਚੈਂਪੀਅਨ ਸੀ ਜੋ ਗੇਂਦ ਦੀ ਥਾਂ ਚਿੜੀ ਨਾਲ ਖੇਡੀ ਜਾਂਦੀ ਹੈ ਤੇ ਵੱਡੇ ਬੰਦਿਆ ਦੀ ਸਿਆਸੀ ਖੇਡ

ਵਿਚ ਮੇਰਾ ਪਤੀ ਇਕ ਚਿੜੀ ਵਾਂਗ ਹੀ ਢੁੰਡਿਆ ਗਿਆ ਹੈ। ਪਰ ਉਹਨਾਂ ਦੀ ਤਸੱਲੀ ਨਹੀਂ ਹੋਈ, ਉਹ ਮੈਨੂੰ ਤੇ ਮੇਰੀ ਬੱਚੀ ਨੂੰ ਵੀ ਚਿੜੀਆਂ ਹੀ ਸਮਝਦੇ ਹਨ। (ਉਹ ਫਿੱਸ ਪੈਂਦੀ ਹੈ) ਬਸ ਮੈਂ ਇਸਤੋਂ ਵੱਧ ਹੋਰ ਕੁਝ ਨਹੀਂ ਕਰ ਸਕਦੀ। ਪਰ ਮੈਂ ਉਹਨਾਂ ਦਾ ਮੁਕਾਬਲਾ ਕਰਾਂਗੀ। (ਘੰਟੀ ਵੱਜਦੀ ਹੈ। ਇਕ ਵਾਰ, ਦੋ ਵਾਰ, ਤਿੰਨ ਵਾਰ ਤ੍ਰਬਕ ਕੇ) ਉਹ ਆ ਗਏ ਨੇ, ਫਿਰ ਆ ਗਏ ਨੇ। ਉਹ ਜਦੋਂ ਆਉਂਦੇ ਨੇ ਇਸ ਤਰ੍ਹਾਂ ਘੰਟੀ ਵਜਾਉਂਦੇ ਨੇ। ਤੁਸੀਂ ਇਸ ਪਿਛਲੇ ਦਰਵਾਜੇ ਤੋਂ ਬਾਹਰ ਚਲੇ ਜਾਓ।

ਰੀਪੋਰਟਰ : ਨਹੀਂ, ਬਾਹਰ ਕਿਉਂ ਜਾਵਾਂ ? ਮੈਂ ਉਹਨਾਂ ਨੂੰ ਦਰਵਾਜਾ ਖੋਲ੍ਹਦਾ ਹਾਂ।

*(ਉਹ ਜਾਕੇ ਦਰਵਾਜਾ ਖੋਲ੍ਹਦਾ ਹੈ, ਜਾਂਚ ਅਫਸਰ ਤੇ ਉਹਦਾ ਅਸਿਸਟੰਟ ਆਉਂਦੇ ਹਨ।)*

ਛੋਟਾ ਬੌਸ : (ਰੀਪੋਰਟਰ ਨੂੰ ਉਤੋਂ ਤੋਂ ਥੱਲਿਓਂ ਤੱਕ ਦੇਖਦੇ ਹੋਏ) ਤੁਸੀਂ ਭਾਈ ਸਾਹਿਬ ਕੌਣ ਹੋ ?

ਅਸਿਸਟੰਟ : ਤੇ ਇਥੇ ਕਿਸ ਤਰ੍ਹਾਂ ਤਸ਼ਰੀਫ ਲਿਆਏ ਹੋ ?

ਰੀਪੋਰਟਰ : ਤੁਹਾਡਾ ਪੁੱਛਣ ਦਾ ਮਤਲਬ ?

ਅਸਿਸਟੰਟ : (ਇਕ ਕਾਰਡ ਦਿਖਾਂਦੇ ਹੋਏ) ਹੁਣ ਮਤਲਬ ਤੁਸੀਂ ਸਮਝ ਗਏ ਹੋਵੋਗੇ ?

ਰੀਪੋਰਟਰ : (ਆਪਣਾ ਪ੍ਰੈਸ ਕਾਰਡ ਵਿਖਾਂਦੇ ਹੋਏ) ਉਮੀਦ ਹੈ ਤੁਸੀਂ ਵੀ ਸਮਝ ਗਏ ਹੋਵੋਗੇ।

ਛੋਟਾ ਬੌਸ : ਤਾਂ ਤੁਸੀਂ ਪ੍ਰੈਸ ਦੇ ਬੰਦੇ ਹੋ, ਤੁਸੀਂ ਇਥੇ ਕੀ ਕਰਨ ਆਏ ?

ਰੀਪੋਰਟਰ : ਇਹੋ ਸਵਾਲ ਮੈਂ ਤੁਹਾਡੇ 'ਤੇ ਵੀ ਕਰ ਸਕਦਾ ਹਾਂ।

ਛੋਟਾ ਬੌਸ : ਅਸੀਂ ਆਪਣੀ ਡਿਊਟੀ 'ਤੇ ਆਏ ਹਾਂ ਤੇ ਇਸ ਕਤਲ ਕੇਸ ਦੀ ਜਾਂਚ ਕਰ ਰਹੇ ਹਾਂ।

ਰੀਪੋਰਟਰ : ਜੇ ਮੈਂ ਕਹਾਂ ਕਿ ਮੈਂ ਵੀ ਆਪਣੀ ਡਿਊਟੀ 'ਤੇ ਆਇਆ ਹਾਂ ਤੇ ਤੁਹਾਡੀ ਜਾਂਚ ਦੀ ਜਾਂਚ ਕਰ ਰਿਹਾ ਹਾਂ ਤਾਂ ਜੋ ਦੁਨੀਆਂ ਨੂੰ ਅਸਲੀਅਤ ਦੱਸ ਸਕਾਂ।

ਛੋਟਾ ਬੌਸ : ਤੈਨੂੰ ਪਤਾ ਏ ਕਿ ਤੂੰ ਇਕ ਬੜੀ ਖਤਰਨਾਕ ਖੇਡ ਖੇਡ ਰਿਹਾ ਏਂ।

ਰੀਪੋਰਟਰ : ਕੀ ਮਤਲਬ ?

ਛੋਟਾ ਬੌਸ : ਏਹ ਖੇਡ ਤੇਰੀ ਜਾਨ ਵੀ ਲੈ ਸਕਦੀ ਏ (ਅਸਿਸਟੰਟ ਨੂੰ) ਇਹਨੂੰ ਸਮਝਾ ਕਿ ਇਹਦੇ ਨਾਲ ਅਸੀਂ ਕੀ ਕਰ ਸਕਦੇ ਹਾਂ ?

ਅਸਿਸਟੰਟ : ਅਸੀਂ ਬਰਖੁਰਦਾਰ, ਤੈਨੂੰ ਗੁੰਮ ਕਰ ਸਕੇ ਐਸੀ ਥਾਂ ਸੁੱਟ ਸਕਦੇ ਹਾਂ ਜਿਥੇ ਤੇਰਾ ਥਹੁ ਪਤਾ ਹੀ ਨਾ ਲਗੇ। ਤੇਰੇ ਅਖ਼ਬਾਰਾਂ ਵਾਲੇ ਲੱਭਦੇ

ਫਿਰਨ ਕਿ ਸਾਡਾ ਰੀਪੋਰਟਰ ਕਿੱਧਰ ਗਿਆ ਏ ? ਤੇ ਫੇਰ ਨਾਲ ਹੀ ਇਹ ਖ਼ਬਰ ਲਗ ਜਾਏ ਕਿ ਉਹਦੀ ਇਕ ਔਰਤ ਨਾਲ ਆਸ਼ਨਾਈ ਸੀ। ਉਹ ਰੰਗੇ ਹੱਥੀਂ ਪਕੜਿਆ।

ਛੋਟਾ ਬੌਸ : ਨਮੋਸ਼ੀ ਤੋਂ ਡਰਕੇ ਉਹਨੇ ਆਪਣੀ ਪੇਪੜੀ 'ਤੇ ਗੋਲੀ ਮਾਰ ਲਈ। ਪੋਸਟ ਮਾਰਟਮ ਦੇ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਤੇ ਬਸ (ਚੁਟਕੀ ਮਾਰਦਾ) ਤੇ ਜੋ ਕੱਲ ਹੋਵੇਗਾ ਉਸਦਾ ਸਾਡੀ ਫਾਈਲ ਵਿਚ ਨਾਂ ਹੋਵੇਗਾ Operation White Moon ਯਨੀ ਕਿ ਅਪ੍ਰੇਸ਼ਨ ਚਿੱਟਾ ਚੰਨ।

ਰੀਪੋਰਟਰ : ਇਹ ਤੁਸੀਂ ਕੀ ਕਹਿ ਰਹੇ ਹੋ ? ਇਹ ਜਮਹੂਰੀਅਤ ਦਾ ਦੇਸ਼ ਏ। ਇਥੇ ਕਾਨੂੰਨ ਨਾਂ ਦੀ ਵੀ ਕੋਈ ਚੀਜ਼ ? ਇਥੇ ਕੋਈ ਇਨਸਾਫ਼ ਵੀ ਹੈਗਾ ਏ ?

ਛੋਟਾ ਬੌਸ : ਹੈਗਾ, ਸਭ ਕੁਝ ਹੈਗਾ, ਪਰ ਮੈਂ ਜੋ ਕੁਝ ਤੈਨੂੰ ਕਿਹਾ ਉਹ ਵੀ ਹੈਗਾ। ਇਸ ਲਈ ਕ੍ਰਿਪਾ ਕਰਕੇ ਇਥੋਂ ਤਸ਼ਰੀਫ ਲੈ ਜਾ ਤੇ ਸਾਡੇ ਕੰਮ ਵਿਚ ਦਖ਼ਲ ਨਾ ਦੇ।

ਰੀਪੋਰਟਰ : ਪਰ ਤੁਸੀਂ ਇਕ ਲਾਚਾਰ ਔਰਤ ਨੂੰ ਇਸ ਤਰ੍ਹਾਂ ਤੰਗ ਨਹੀਂ ਕਰ ਸਕਦੇ।

ਛੋਟਾ ਬੌਸ : ਅਸੀਂ ਲਾਚਾਰ ਔਰਤ ਨੂੰ ਤੰਗ ਨਹੀਂ ਕਰ ਰਹੇ। ਸਗੋਂ ਕੋਈ ਸਚਾਈ ਲੱਭ ਰਹੇ ਹਾਂ। ਇਕ ਕਤਲ ਹੋ ਗਿਆ ਏ ਤੇ ਇਹ ਸਚਾਈ ਲੱਭਣਾ ਸਾਡਾ ਫਰਜ਼ ਏ।

ਰੀਪੋਰਟਰ : ਪਰ ਸਚਾਈ ਲੋਕਾਂ ਤੱਕ ਲਿਜਾਣੀ ਸਾਡਾ ਵੀ ਫਰਜ਼ ਏ।

ਛੋਟਾ ਬੌਸ : ਫੇਰ ਕਰੋ ਆਪਣਾ ਫਰਜ਼, ਸਾਨੂੰ ਤਾਂ ਕੋਈ ਇਤਰਾਜ ਨਹੀਂ ਪਰ ਇਹਦਾ ਅੰਜਾਮ ਕੀ ਹੋ ਸਕਦੈ, ਉਹਦੇ ਬਾਰੇ ਅਸੀਂ ਤੁਹਾਨੂੰ ਦੱਸ ਦਿੱਤਾ ਹੈ।

ਰੀਪੋਰਟਰ : ਤੁਸੀਂ ਮੈਨੂੰ ਧਮਕੀ ਦੇ ਰਹੇ ਹੋ ?

ਅਸਿਸਟੰਟ : ਧਮਕੀ ਨਹੀਂ, ਅਸਲੀਅਤ ਦੱਸ ਰਹੇ ਹਾਂ।

ਛੋਟਾ ਬੌਸ : ਧਮਕੀ ਉਹ ਹੁੰਦੀ ਹੈ ਜੋ ਸਿਰਫ ਡਰਾਵੇ ਲਈ ਦਿੱਤੀ ਜਾਂਦੀ ਹੈ।

ਅਸਿਸਟੰਟ : ਅਸਲੀਅਤ ਉਹ ਹੁੰਦੀ ਹੈ ਜੋ ਅਸਲੀ ਸ਼ਬਦਾਂ ਵਿਚ ਕਰਕੇ ਦਿਖਾਈ ਜਾਂਦੀ ਹੈ।

ਛੋਟਾ ਬੌਸ : ਉਮੀਦ ਹੈ ਤੁਸੀਂ ਧਮਕੀ ਅਤੇ ਅਸਲੀਅਤ ਵਿਚ ਫਰਕ ਸਮਝ ਗਏ ਹੋਵੇਗੇ।

ਰੀਪੋਰਟਰ : ਹਾਂ ਸਮਝ ਗਿਆ ਹਾਂ।

ਛੋਟਾ ਬੌਸ : ਕਾਫੀ ਸਮਝਦਾਰ ਲਗਦੇ ਹੋ, ਤੇ ਹੁਣ ਤੁਸੀਂ ਇਥੋਂ ਚਲੋ ਤਾਂ ਜੋ ਅਸੀਂ

ਆਪਣੀ ਕਾਰਵਾਈ ਕਰ ਸਕੀਏ। (ਅਸਿਸਟੰਟ ਨੂੰ) ਇਹਨਾਂ ਨੂੰ ਦਰਵਾਜੇ ਤੱਕ ਛੱਡ ਆਓ।

ਰੀਪੋਰਟਰ : ਸ਼ੁਕਰੀਆ, ਮੈਂ ਆਪ ਜਾ ਸਕਦਾ ਹਾਂ।

*(ਰੀਪੋਰਟਰ ਜਾਂਦਾ ਹੈ। ਇਸ ਸਾਰੇ ਦਰਮਿਆਨ ਔਰਤ ਆਪਣੀ ਥਾਂ ਤੋਂ ਹਿਲਦੀ ਨਹੀਂ, ਬਸ ਸਹਿਮੀ ਹੋਈ ਬੈਠੀ ਰਹਿੰਦੀ ਹੈ।)*

ਛੋਟਾ ਬੌਸ : (ਕੁਰਸੀ ਕੋਲ ਆਕੇ) ਤੇ ਸ੍ਰੀਮਤੀ ਅਸੀਂ ਵੀ ਹੁਣ ਜਾ ਰਹੇ ਹਾਂ ਤੇ ਮੇਰੀ ਗੱਲ ਸੁਣ ਲੈ ਜੇਕਰ ਤੂੰ ਵਹਿਦਾ ਮੁਆਫ ਗਵਾਹ ਬਣ ਜਾਏਂਗੀ ਤੇ ਤੇਰਾ ਵੀ ਤੇ ਸਾਡਾ ਵੀ ਕੰਮ ਆਸਾਨ ਹੋ ਜਾਏਗਾ।

ਔਰਤ : ਕਿਸ ਕਿਸਮ ਦੀ ਗਵਾਹੀ ?

ਛੋਟਾ ਬੌਸ : ਇਹੀ ਕਿ ਤੇਰੀ ਰਾਜਾ ਏ. ਸਿੰਘ ਨਾਲ ਆਸ਼ੁਨਾਈ ਜਾਂ ਜੋ ਵੀ ਸ਼ਬਦ ਤੂੰ ਠੀਕ ਸਮਝੇ ਵਰਤ ਸਕਦੀ ਏ, ਸਾਨੂੰ ਤਾਂ ਸਿਰਫ ਮਤਲਬ ਨਾਲ ਮਤਲਬ ਏ, ਤੇ ਤੇਰੇ ਪਤੀ ਨੂੰ ਇਸ ਦਾ ਪਤਾ ਲਗ ਗਿਆ ਸੀ ਕਿ ਰਾਜਾ ਏ. ਸਿੰਘ ਨੇ ਕੰਡਾ ਕੱਢਣ ਲਈ ਤੇਰੇ ਪਤੀ ਦਾ ਕਤਲ ਕਰਵਾ ਦਿੱਤਾ।

ਔਰਤ : ਪਰ ਇਹ ਝੂਠ ਏ।

ਛੋਟਾ ਬੌਸ : ਫਿਰ ਸੱਚ ਕੀ ਏ ?

ਔਰਤ : ਇਹਦਾ ਮੈਨੂੰ ਨਹੀਂ ਪਤਾ।

ਛੋਟਾਂ ਬੌਸ : ਜੇ ਤੈਨੂੰ ਨਹੀਂ ਪਤਾ ਤੇ ਫੇਰ ਜੋ ਅਸੀਂ ਕਹਿੰਦੇ ਹਾਂ ਉਹ ਮੰਨ ਲੈ, ਕਿਉਂਕਿ ਸਾਨੂੰ ਪਤਾ ਏ।

ਔਰਤ : ਤੁਹਾਨੂੰ ਕੁਝ ਨਹੀਂ ਪਤਾ।

ਛੋਟਾ ਬੌਸ : ਇਸਦਾ ਮਤਲਬ ਏ ਕਿ ਤੈਨੂੰ ਕੁਝ ਪਤਾ ਏ, ਜੋ ਸਾਨੂੰ ਨਹੀਂ ਪਤਾ ਤੇ ਅਸੀਂ ਇਹੋ ਚਾਹੁੰਦੇ ਹਾਂ ਕਿ ਤੈਨੂੰ ਜੋ ਪਤਾ ਏ, ਸਾਨੂੰ ਦੱਸ ਦੇਵੇਂ।

ਔਰਤ : ਮੈਂ ਆਖਿਆ ਜੋ ਏ, ਮੈਨੂੰ ਕੁਝ ਨਹੀਂ ਪਤਾ।

ਛੋਟਾ ਬੌਸ : ਹੁਣ ਤੂੰ ਆਪਣਾ ਬਿਆਨ ਬਦਲ ਰਹੀਂ ਏਂ, ਬਿਆਨ ਬਦਲਣ ਦਾ ਸਾਡੀ ਜ਼ਬਾਨ ਵਿਚ ਮਤਲਬ ਏ ਕਿ ਤੂੰ ਆਪਣੇ ਗੁਨਾਹ ਦਾ ਇਤਰਾਫ ਕਰ ਰਹੀਂ ਏਂ, ਬਸ ਕੁਝ ਚਿਰ ਲਈ ਏਨਾ ਹੀ ਕਾਫੀ ਏ। ਰਾਤ ਹੋ ਗਈ ਏ, ਰਾਤ ਸੋਚਣ ਲਈ ਤੇ ਕੋਈ ਫੈਸਲਾ ਲੈਣ ਲਈ ਕਾਫੀ ਮੁਫੀਜ਼ ਹੁੰਦੀ ਏ।

*(ਬੜੇ ਭਾਰੇ ਕਦਮਾਂ ਨਾਲ ਤੇਜ਼ ਤੇਜ਼ ਬਾਹਰ ਜਾਂਦੇ ਹਨ ਤੇ ਫੇਡ ਆਊਟ। ਔਰਤ ਟਹਿਲ ਰਹੀ ਹੈ। ਉਹਦੀ ਚਾਲ ਤੋਂ ਉਹਦੀ ਪ੍ਰੇਸ਼ਾਨੀ ਸਾਬਤ ਹੁੰਦੀ ਹੈ। ਫੇਰ ਟੈਲੀਫੂਨ ਦੀ ਘੰਟੀ ਵੱਜਦੀ ਹੈ। ਉਹ ਝਿਜਕਦੀ ਝਿਜਕਦੀ ਟੈਲੀਫੂਨ ਚੁੱਕਦੀ ਹੈ।)*

ਔਰਤ : ਹੈਲੋ–ਕੀ ਬੰਬਈ ਤੋਂ ਟਰੰਕ ਕਾਲ ਹੈ।...ਹਾਂ ਮੰਮੀ ਮੈਂ ਕੁਸਮ ਬੋਲ ਰਹੀ ਹਾਂ। ਮੰਮੀ ਮੈਂ ਸਾਰੀ ਰਾਤ ਸੌਂ ਨਹੀਂ ਸਕੀ।... ਹੁਣ ਤਾਂ ਬੇਬੀ ਦੀ ਪਾਲਣਾ ਤੁਸੀਂ ਹੀ ਕਰਨੀ ਹੈ।ਉਹ ਮੈਨੂੰ ਕਿਸੇ ਵੇਲੇ ਵੀ ਜੇਲ੍ਹ ਵਿਚ ਸੁੱਟ ਸਕਦੇ ਹਨ।ਕੀ ਕਿਹਾ ਦੇਸ਼ ਦੀ ਸਾਰਿਆਂ ਨਾਲੋਂ ਵੱਡੀ ਮਹਿਲਾ ਵਕੀਲ ਮਿਸਿਜ਼ ਮਲਕਾਨੀ ਮੇਰਾ ਕੇਸ ਲੈਣ ਲਈ ਤਿਆਰ ਹੋ ਗਈ ਹੈ... ਪਰ ਮੰਮੀ ਇਸ ਸਾਰੇ ਪੈਸੇ ਦਾ ਇੰਤਜ਼ਾਮ ਕਿਸ ਤਰ੍ਹਾਂ ਹੋਵੇਗਾ ?...ਉਹ ਮੁਫ਼ਤ ਕਿਉਂ ਲੜੇਗੀ ?...ਕੀ ਕਿਹਾ ਮਹਿਲਾ ਸੰਗ ਨੇ ਇਹ ਕੇਸ ਆਪਣੇ ਹੱਥ ਵਿਚ ਲੈ ਲਿਆ ਏ... ਇਹ ਇਕ ਔਰਤ ਦੇ ਬੁਨਿਆਦੀ ਹੱਕ ਦੀ ਗੱਲ ਏ...This is an Encouraging news... ਇਹ ਮੈਨੂੰ ਤਾਕਤ ਦੇਵੇਗਾ ਕਿ ਮੈਂ ਉਹਨਾਂ ਬੁੱਚੜਾਂ ਦਾ ਮੁਕਾਬਲਾ ਕਰਾਂ...ਮੰਮੀ ਹੁਣ officers ਨਹੀਂ, They are really butchers...

*(ਉਹ ਫੋਨ ਕਰ ਹੀ ਰਹੀ ਹੈ ਤਾਂ ਛੋਟਾ ਬੌਸ ਤੇ ਅਸਿਸਟੰਟ ਉਹਦੇ ਸਿਰ 'ਤੇ ਆ ਖਲੋਂਦੇ ਹਨ।ਉਹ ਸਹਿਮਕੇ ਫੋਨ ਰੱਖ ਦੇਂਦੀ ਹੈ।)*

ਛੋਟਾ ਬੌਸ : ਮੈਡਮ, ਤੂੰ ਸਾਨੂੰ ਬੁੱਚੜ ਬਣਨ 'ਤੇ ਮਜ਼ਬੂਰ ਨਾ ਕਰ।

ਔਰਤ : ਤੁਸੀਂ ਇਥੇ ? ਤੁਸੀਂ ਕਿਸ ਤਰ੍ਹਾਂ ਆਏ ?

ਛੋਟਾ ਬੌਸ : ਆਉਣ ਦੇ ਕਈ ਰਸਤੇ ਨੇ।

ਔਰਤ : ਘਰ ਦਰਵਾਜੇ ਤਾਂ ਸਭ ਬੰਦ ਨੇ।

ਛੋਟਾ ਬੌਸ : ਜ਼ਰੂਰੀ ਨਹੀਂ ਕਿ ਘਰ ਵਿਚ ਦਰਵਾਜਿਆਂ ਰਾਹੀਂ ਹੀ ਦਾਖ਼ਲ ਹੋਇਆ ਜਾ ਸਕਦੈ।

ਅਸਿਸਟੰਟ : ਖਿੜਕੀਆਂ ਰਾਹੀਂ ਵੀ ਆਇਆ ਜਾ ਸਕਦਾ ਹੈ।

ਛੋਟਾ ਬੌਸ : ਤੇ ਰਾਤ ਤਫਤੀਸ਼ ਵੇਲੇ ਅਸੀਂ ਇਕ ਖਿੜਕੀ ਦੀ ਕੁੰਡੀ ਇਸ ਤਰ੍ਹਾਂ adjust ਕਰ ਗਏ ਸਾਂ ਕਿ ਖੁਲ੍ਹੀ ਹੋਈ ਵੀ ਵੱਜੀ ਦਿਸੇ, ਪਰ ਇਹ ਗੱਲਾਂ ਤੈਨੂੰ ਹੈਰਾਨ ਨਹੀਂ ਕਰਨਗੀਆਂ ਕਿਉਂਕਿ ਤੂੰ ਆਪ ਇਸ ਸਭ ਤੋਂ ਜਾਣੂ ਏ ਕਿ ਖਾਵੰਦ ਇਕ ਕਮਰੇ ਵਿਚ ਸੁੱਤਾ ਹੋਵੇ ਤੇ ਦੂਜੇ ਕਮਰੇ ਵਿਚ ਕਿਸੇ ਨੂੰ ਕਿਸ ਤਰ੍ਹਾਂ ਅੰਦਰ ਲਿਆਉਣਾ ਹੈ।

ਔਰਤ : ਇਹ ਸਭ ਕੀ ਬਕਵਾਸ ਏ ? ਇਹ ਮੇਰੀ ਬਰਦਾਸ਼ਤ ਤੋਂ ਬਾਹਰ ਏ।

ਛੋਟਾ ਬੌਸ : ਇਹ ਬਕਵਾਸ ਨਹੀਂ, ਇਹ ਸੱਚ ਏ ਤੇ ਉਂਝ ਅਸੀਂ ਕੋਈ ਗੱਲ ਐਸੀ ਕਰਨੀ ਨਹੀਂ ਚਾਹੁੰਦੇ ਜਿਹੜੀ ਤੇਰੀ ਬਰਦਾਸ਼ਤ ਤੋਂ ਬਾਹਰ ਹੋਵੇ, ਸਾਨੂੰ ਤਾਂ ਸਿਰਫ ਇਕ Confessional Statement ਚਾਹੀਦੀ ਹੈ।

ਔਰਤ : ਮੈਂ ਕੋਈ Statement ਨਹੀਂ ਦੇਵਾਂਗੀ।

ਛੋਟਾ ਬੌਸ : (ਇਕ ਡਾਇਰੀ ਕੱਢਦੇ ਹੋਏ) ਫੇਰ ਸਾਨੂੰ ਇਸ ਡਾਇਰੀ ਤੋਂ ਹੀ ਕੰਮ ਲੈਣਾ ਪਵੇਗਾ। ਇਹ ਜ਼ਰਾ ਪਛਾਣਨਾ ਇਹ ਡਾਇਰੀ ਤੇਰੀ ਹੀ ਹੈ।

ਔਰਤ : ਹਾਂ, ਇਹ ਮੇਰੀ ਏ, ਪਰ ਤੁਹਾਨੂੰ ਕਿਥੋਂ ਮਿਲੀ ਏ ?

ਛੋਟਾ ਬੌਸ : ਕਿਥੋਂ ਮਿਲਣੀ ਏ ? ਤੇਰੇ ਘਰੋਂ ਹੀ ਮਿਲੀ ਏ ਤੇ ਇਹਦੇ ਵਿਚ ਸਾਫ ਲਿਖਿਆ ਏ।

ਔਰਤ : ਕੀ ਸਾਫ ਲਿਖਿਆ ਏ ?

ਛੋਟਾ ਬੌਸ : (ਅਸਿਸਟੰਟ ਨੂੰ) ਇਹ ਜ਼ਰਾ ਪੜ੍ਹ ਕੇ ਸੁਣਾਈ।

ਔਰਤ : ਤੁਸੀਂ ਆਪ ਕਿਉਂ ਨਹੀਂ ਪੜ੍ਹਦੇ ?

ਛੋਟਾ ਬੌਸ : ਚਲੋ ਮੈਂ ਹੀ ਪੜ੍ਹ ਦੇਨਾ ਹਾਂ, ਭਾਵੇਂ ਪੜ੍ਹਣ ਦੀ ਲੋੜ ਨਹੀਂ, ਇਹਦੇ ਸਫਾ 42 'ਤੇ ਲਿਖਿਆ ਹੈ ਕਿ ਤੇਰੇ ਪਤੀ ਨੂੰ ਤੇਰੇ ਚਾਲ ਚਲਣ 'ਤੇ ਸ਼ੱਕ ਹੋ ਗਿਆ ਏ ਤੇ ਇਹ ਗੱਲ ਤੇਰੇ ਲਈ ਤਸ਼ਵੀਸ ਵਾਲੀ ਹੈ।

ਔਰਤ : ਇਹ ਤਾਂ ਬੜੀ ਪੁਰਾਣੀ ਘਟਨਾ ਹੇ। ਮੈਂ ਉਸਨੂੰ ਸਭ ਕੁਝ explain ਕਰ ਦਿੱਤਾ ਸੀ ਤੇ ਸਾਡੇ ਵਿਚ ਕੋਈ ਗਲਤ ਫਹਿਮੀ ਨਹੀਂ ਸੀ ਰਹੀ। ਇਹ ਵੀ ਤਾਂ ਡਾਇਰੀ ਵਿਚ ਲਿਖਿਆ ਹੈ।

ਛੋਟਾ ਬੌਸ : ਉਹ ਡਾਇਰੀ ਦੇ ਵਰਕੇ ਸਾਡੇ ਕੰਮ ਦੇ ਨਹੀਂ ਅਸੀਂ ਸਿਰਫ ਉਹੀ ਵਰਕੇ ਪੜ੍ਹਦੇ ਹਾਂ ਜੋ ਸਾਡੇ ਕੰਮ ਦੇ ਹੋਣ ਅਤੇ ਅਸੀਂ ਕੋਰਟ ਵਿਚ ਉਹੀ ਪੇਸ਼ ਕਰਦੇ ਹਾਂ।

ਔਰਤ : ਤੇ ਬਾਕੀ ਵਰਕੇ ?

ਛੋਟਾ ਬੌਸ : ਸਾਡੀ ਮਰਜ਼ੀ ਹੋਈ ਤਾਂ ਉਹ ਪਾੜ ਦੇਵਾਂਗੇ।

ਔਰਤ : ਪਰ ਮੈਂ ਤਾਂ ਆਖਾਂਗੀ ਉਹ ਵਰਕੇ ਪੜ੍ਹੇ ਜਾਣ। ਡਾਇਰੀ ਦੇ ਵਰਕਿਆਂ ਉਤੇ ਬਰਾਬਰ ਨੰਬਰ ਨੇ।

ਛੋਟਾ ਬੌਸ : ਤੇ ਅਸੀਂ ਕਹਿ ਦੇਵਾਂਗੇ ਕਿ ਉਹ ਵਰਕੇ ਤੂੰ ਜਾਣ ਬੁਝਕੇ ਪਾੜ ਦਿੱਤੇ ਨੇ ਕਿਉਂਕਿ ਉਨ੍ਹਾਂ ਵਿਚ ਤੇਰੇ ਰਾਜਾ ਏ. ਸਿੰਘ ਨਾਲ ਨਜਾਇਜ਼ ਤੁਅਲਕਾਤ ਦੇ ਸਪੱਸ਼ਟ ਸਬੂਤ ਸਨ।

ਔਰਤ : ਤੁਸੀਂ ਬੜੇ ਬਦਮਾਸ਼ ਹੋ। ਤੁਸੀਂ ਆਖਰ ਮੇਰੇ ਕੋਲੋਂ ਚਾਹੁੰਦੇ ਕੀ ਹੋ ?

ਛੋਟਾ ਬੌਸ : ਅਸੀਂ ਕੀ ਚਾਹੁੰਦੇ ਹਾਂ, ਇਹ ਅਸੀਂ ਪਹਿਲੇ ਦਿਨ ਹੀ ਦਸ ਦਿੱਤਾ ਸੀ, ਤੂੰ ਵਹਿਦਾ ਮੁਆਫ ਗਵਾਹ ਬਣ ਜਾ ਤੇ ਏਨੀ ਸਟੇਟਮੈਂਟ ਰਿਕਾਰਡ ਕਰਵਾ ਦੇ ਕਿ ਤੇਰੇ ਰਾਜਾ ਏ. ਸਿੰਘ ਨਾਲ ਤੁਅਲਕਾਤ ਸਨ ਤੇ ਤੇਰੇ ਪਤੀ ਨੂੰ ਉਹਦੇ ਬਾਰੇ ਜਾਣਕਾਰੀ ਹੋ ਗਈ ਸੀ। ਤੇ ਇਹ ਯਕੀਨ ਕਰਕੇ ਇਹ ਸਟੇਟਮੈਂਟ ਦੇਣ 'ਤੇ ਤੇਰੇ ਉਤੇ ਕੋਈ ਕਾਨੂੰਨੀ ਜ਼ਰਬ ਨਹੀਂ ਆਏਗੀ।

ਔਰਤ : ਤੁਸੀਂ ਇਹ ਕਿਉਂ ਭੁੱਲਦੇ ਹੋ ਕਿ ਮੈਂ ਇਕ ਬੱਚੇ ਦੀ ਮਾਂ ਹਾਂ। ਮੇਰੀ ਇਸ ਸਟੇਟਮੈਂਟ ਨਾਲ ਮੇਰੀ ਬਿਨਾਂ ਬਾਪ ਦੀ ਬੱਚੀ 'ਤੇ ਕੀ ਅਸਰ ਪਵੇਗਾ ?

ਛੋਟਾ ਬੌਸ : ਇਸ ਬੱਚੀ ਦੀ ਸਾਨੂੰ ਪੂਰੀ ਯਾਦ ਹੈ ਇਹੀ ਤਾਂ ਸਾਡੇ ਕੋਲ ਬਾਜੀ ਜਿੱਤਣ ਲਈ ਟਰੰਪ ਕਾਰਡ ਹੈ ਯਨੀ ਰੰਗ ਦਾ ਪਤਾ ਹੈ ਤੇ ਤੈਨੂੰ ਪਤਾ ਹੋਣਾ ਚਾਹੀਦਾ ਰੰਗ ਦੀ ਦੁੱਕੀ ਦੀ ਬਦਰੰਗੀ ਦੇ ਯੱਕਿਆਂ 'ਤੇ ਭਾਰੂ ਹੁੰਦੀ ਏ।

ਅਸਿਸਟੰਟ : ਬਸ ਸਾਨੂੰ ਇਕ Confessional Statement ਯਨੀ ਇਕਬਾਲੀਆ ਬਿਆਨ ਚਾਹੀਦਾ ਹੈ। ਸੋਚ ਲੈ… ਵਿਚਾਰੀ ਬੱਚੀ।

ਛੋਟਾਂ ਬੌਸ : ਉਹ ਜਦੋਂ ਸਕੂਲ ਜਾਏਗੀ ਤਾਂ ਇਕ ਕਹਾਣੀ ਉਹਦੇ ਨਾਲ ਜੁੜੀ ਰਹੇਗੀ ਕਿ ਉਹ ਇਕ ਐਸੀ ਬੱਚੀ ਏ ਜਿਸਦਾ ਬਾਪ ਕਤਲ ਹੋ ਗਿਆ ਸੀ ਤੇ ਇਹ ਕਤਲ ਤਾਂ ਹੋਇਆ ਕਿ ਉਹਦੀ ਮਾਂ ਦੇ ਕਿਸੇ ਹੋਰ ਨਾਲ ਤੁਅਲਕਾਤ ਸਨ।

ਅਸਿਸਟੰਟ : ਤੇ ਬੱਚੀ ਸਕੂਲ ਤੋਂ ਜਦੋਂ ਕਾਲਜ ਜਾਏਗੀ ਤਾਂ ਲੋਕ ਨੈਣ ਨਕਸ਼ ਤੋਂ ਪਛਾਨਣ ਦੀ ਕੋਸ਼ਿਸ਼ ਕਰਨਗੇ ਕਿ ਇਹਦਾ ਬਾਪ ਕੌਣ ਏ ?

ਛੋਟਾ ਬੌਸ : ਹੋ ਸਕਦਾ ਹੈ ਕਿ ਆਵਾਜ਼ੇ ਵੀ ਕੱਸਣ।

ਅਸਿਸਟੰਟ : ਵਿਚਾਰੀ ਤੇ ਕੀ ਗੁਜ਼ਰੇਗੀ।

ਛੋਟਾ ਬੌਸ : ਉਹਦੀ ਮਾਂ ਨੂੰ ਇਹਦੇ ਬਾਰੇ ਸੋਚਦਾ ਚਾਹੀਦਾ ਏ।

ਛੋਟਾ ਬੌਸ : ਮਾਵਾਂ ਤਾਂ ਆਪਣੀਆਂ ਬੱਚੀਆਂ ਦੀ ਖਾਤਿਰ ਕੀ ਕੀ ਕਰਦੀਆਂ ਹਨ ਤੇ ਇਕ ਮਾਂ ਏ ਜੋ ਕੁਝ ਸੋਚਦੀ ਨਹੀਂ–

*(ਔਰਤ ਨੂੰ ਹਿਪਨੋਟਾਈਜ਼ ਕਰਨ ਲਈ ਦੋਨੋਂ ਵਾਰੀ ਵਾਰੀ ਇਹ ਲਾਇਨਾਂ ਦੁਹਰਾਈ ਜਾਂਦੇ ਹਨ ਕਿ ਇਹ ਇਕ ਮਾਂ ਏ ਜੋ ਕੁਝ ਸੋਚਦੀ ਹੀ ਨਹੀਂ– ਤੇ ਇਹ ਆਵਾਜ਼ ਇਕੋ ਈਕੋ ਸ਼ਕਲ ਵਿਚ ਹੌਲ ਹੌਲੇ ਉੱਚੀ ਹੁੰਦੀ ਹੈ।)*

ਔਰਤ : (ਕੰਨ ਬੰਦ ਕਰਦਿਆਂ ਹੋਇਆਂ) ਬੰਦ ਕਰੋ ਇਹ ਸਭ ਕੁਝ ਤੁਸੀਂ ਜੋ ਬਿਆਨ ਵੀ ਮੇਰੇ ਕੋਲੋਂ ਲੈਣਾ ਏ, ਉਹ ਲੈ ਲਵੋ।

ਛੋਟਾ ਬੌਸ : ਬਿਆਨ ਨਹੀਂ ਇਕਬਾਲੀਆ ਬਿਆਨ।

ਅਸਿਸਟੰਟ : Confessional Statement

ਛੋਟਾ ਬੌਸ : ਤੇ ਇਹ ਕਾਗਜ਼ ਹੈ।

ਅਸਿਸਟੰਟ : ਤੇ ਇਹ ਪੈੱਨ ਹੈ, ਇਹਦੇ ਨਾਲ ਹੀ ਤੂੰ ਆਪਣੀ ਡਾਇਰੀ ਲਿਖਦੀ ਸੀ।

*(ਔਰਤ ਕਾਗਜ਼ ਤੇ ਪੈੱਨ ਫੜਦੀ ਹੈ ਤੇ ਕੁਝ ਲਿਖਣ ਲਗਦੀ*

*ਹੈ। ਫੋਨ ਦੀ ਘੰਟੀ ਵੱਜਦੀ ਹੈ। ਛੋਟਾ ਬੌਸ ਫੋਨ ਚੁੱਕਦਾ ਹੈ।)*

ਛੋਟਾ ਬੌਸ : ਹਾਂ ਬੌਸ ਮੈਂ ਬੋਲ ਰਿਹਾ ਹਾਂ। Congratulations, ਉਹ ਲਿਖ ਰਹੀ ਹੈ।

ਵੱਡਾ ਬੌਸ : ਕੀ ਲਿਖ ਰਹੀ ਹੈ ?

ਛੋਟਾ ਬੌਸ : ਉਹੀ ਜਨਾਬ, ਜੋ ਤੁਸੀਂ ਸਾਨੂੰ ਲਿਖਵਾਉਣ ਲਈ ਕਿਹਾ ਸੀ।

ਵੱਡਾ ਬੌਸ : Good.

*(ਔਰਤ ਲਿਖਣਾ ਬੰਦ ਕਰ ਦੇਂਦੀ ਹੈ ਤੇ ਫੇਰ ਕਾਗਜ਼ ਦੇ ਟੁਕੜੇ ਟੁਕੜੇ ਕਰ ਦੇਂਦੀ ਹੈ। ਫੇਰ ਉਹ ਉੱਚੀ ਉੱਚੀ ਪਾਗਲਾਂ ਵਾਂਗ ਹੱਸਣ ਲੱਗ ਪੈਂਦੀ ਹੈ।)*

ਵੱਡਾ ਬੌਸ : ਹੈਲੋ... ਕੀ ਹੋ ਰਿਹਾ ਹੈ ? ਤੂੰ ਚੁੱਪ ਕਿਉਂ ਕਰ ਗਿਆ ਏਂ।

ਛੋਟਾ ਬੌਸ : ਬੌਸ... ਉਹਨੇ ਲਿਖਣਾ ਬੰਦ ਕਰ ਦਿੱਤਾ ਏ, ਉਹ ਕਾਗਜ਼ ਦੇ ਟੁਕੜੇ ਟੁਕੜੇ ਕਰ ਰਹੀ ਏ– ਬੌਸ ਉਹ ਪਾਗਲਾਂ ਵਾਂਗ ਹੱਸ ਰਹੀ ਏ– ਬੌਸ ਉਹ ਪਾਗਲ ਹੋ ਗਈ ਏ।

ਵੱਡਾ ਬੌਸ : ਪਾਗਲ ਹੋ ਗਈ ਏ– ਉਹ ਤਾਂ ਉਹਨੇ ਹੋਣਾ ਹੀ ਸੀ। ਫਿਕਰ ਵਾਲੀ ਗੱਲ ਨਹੀਂ। ਉਹਨੂੰ ਪਾਗਲ ਹੀ ਹੋਣਾ ਚਾਹੀਦਾ ਸੀ। ਉਹਦਾ ਪਾਗਲ ਹੋਣਾ ਸਾਡੀ favour ਵਿਚ ਜਾਏਗਾ।

ਛੋਟਾ ਬੌਸ : ਮੈਂ ਸਮਝਿਆ ਨਹੀਂ।

ਵੱਡਾ ਬੌਸ : ਪਾਗਲ ਦੀ ਕੋਈ ਸਟੇਟਮੈਂਟ ਕਚੈਹਰੀ ਵਿਚ ਕੀਮਤ ਨਹੀਂ ਰੱਖਦੀ। ਵੱਡੇ ਵੱਡੇ ਵਕੀਲ ਵੀ ਇਸ ਡਾਇਰੀ ਦੇ Evidence ਨੂੰ ਝੁੱਠਲਾ ਨਹੀਂ ਸਕਣਗੇ। ਇਹ ਪਾਗਲ ਹੋ ਗਈ ਏ, ਅਸੀਂ ਬਾਜ਼ੀ ਜਿੱਤ ਲਈ ਏ। Operation White Moon has been won- Congratulations ਮਿਸਟਰ ਸ਼ੁਕਲਾ

ਛੋਟਾ ਬੌਸ : Thank you Boss-

*(ਫੋਨ ਥੱਲੇ ਰੱਖਦਾ ਹੈ। ਔਰਤ ਪਾਗਲਾਂ ਵਾਂਗ ਹੱਸੀ ਜਾਂਦੀ ਹੈ ਜਦੋਂ ਫੇਡ ਆਊਟ ਹੁੰਦਾ ਹੈ।)*